ਕਲਾ ਦੇ ਝਰੋਖੇ 'ਤੋਂ

18.8.96

# ਨਾਟਕ 'ਰਜ਼ਾਈ'

**ਗੁਰਸ਼ਰਨ ਸਿੰਘ**

ਵੀਨਾ ਵਰਮਾ ਦੀ ਬਹੁਚਰਚਿਤ ਕਹਾਣੀ 'ਰਜ਼ਾਈ' ਦਾ ਨਾਟਕੀ ਰੂਪ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਰਾਮਾ ਡਿਪਾਰਟਮੈਂਟ ਦੀ ਰੈਪਟਰੀ ਵਲੋਂ ਨਵਨਿੰਦਰਾ ਬਹਿਲ ਦੀ ਨਿਰਦੇਸ਼ਨਾ ਥੱਲੇ ਡਿਪਾਰਟਮੈਂਟ ਦੇ ਸਟੂਡੀਓ ਥੀਏਟਰ ਵਿਚ ਪੇਸ਼ ਕੀਤਾ ਗਿਆ। 50 ਮਿੰਟਾਂ ਦੀ ਇਹ ਨਾਟਕੀ ਪੇਸ਼ਕਸ਼ ਪੰਜਾਬੀ ਨਾਟਕ ਦੀ ਪ੍ਰੌੜਤਾ ਦੀ ਸੂਚਕ ਹੈ। ਕਿਸੇ ਕਹਾਣੀ ਜਾਂ ਨਾਵਲ ਨੂੰ ਨਾਟਕ ਦੇ ਰੂਪ ਵਿਚ ਪੇਸ਼ ਕਰਨਾ ਆਏ ਆਪਣੇ ਵਿਚ ਹਮੇਸ਼ਾ ਇਕ ਚੈਲਿੰਜ ਹੁੰਦਾ ਹੈ ਕਿਉਂਕਿ ਦਰਸ਼ਕਾਂ ਨੇ ਇਹ ਵੇਖਣਾ ਹੁੰਦਾ ਹੈ ਕਿ ਮੌਲਿਕ ਰਚਨਾ ਨਾਲ ਕਿਤਨਾ ਕੁ ਇਨਸਾਫ ਹੋਇਆ ਹੈ? ਇਸ ਪ੍ਰਸੰਗ ਵਿਚ ਇਹ ਪੇਸ਼ਕਸ਼ ਇਕ ਬੜੀ ਹੀ ਸਫਲ ਪੇਸ਼ਕਸ਼ ਕਹੀ ਜਾ ਸਕਦੀ ਹੈ।

ਸੂਖਮ ਮਨੁੱਖੀ ਜਜ਼ਬਿਆਂ ਦੀ ਇਹ ਕਹਾਣੀ ਇਕ ਐਸੀ ਔਰਤ ਦੀ ਕਹਾਣੀ ਹੈ ਜੋ ਆਪਣੇ ਦੋ ਬੱਚਿਆਂ ਨੂੰ ਨਾਲ ਲੈ ਕੇ ਆਪਣੇ ਪਤੀ ਦੀ ਭਾਲ ਵਿਚ ਭਾਰਤ ਤੋਂ ਇੰਗਲੈਂਡ ਪੁਜਦੀ ਹੈ। ਪਤੀ ਨੇ ਉਥੇ ਹੋਰ ਵਿਆਹ ਕਰਵਾ ਲਿਆ ਹੈ, ਇਸ ਲਈ ਉਹ ਆਪਣੀ ਇਸ ਪਤਨੀ ਨੂੰ ਸਵੀਕਾਰ ਕਰਨ ਦੇ ਰੌਂ ਵਿਚ ਨਹੀਂ ਹੈ ਅਤੇ ਉਸ ਨੂੰ ਮਗਰੋਂ ਲਾਹੁਣ ਲਈ ਇਕ ਖਾਲੀ ਘਰ ਵਿਚ ਇਹ ਕਹਿ ਕੇ ਛੱਡ ਆਉਂਦਾ ਹੈ ਕਿ ਉਹ ਉਸ ਦੇ ਦੋਸਤ ਦਾ ਘਰ ਹੈ ਜੋ ਇੰਡੀਆ ਗਿਆ ਹੋਇਆ ਹੈ। ਸ਼ਾਮ ਨੂੰ ਮੁੜਨ ਦਾ ਵਾਅਦਾ ਕਰਕੇ ਉਹ ਚਲਾ ਜਾਂਦਾ ਹੈ, ਪਰ ਮੁੜਦਾ ਨਹੀਂ। ਠੰਢੀ ਰਾਤ ਵਿਚ ਉਹ ਗਵਾਂਢੀ ਦਾ ਦਰਵਾਜ਼ਾ ਖੜਕਾਉਂਦੀ ਹੈ। ਇਹ ਇਕ ਸਾਬਕਾ ਫੌਜੀ ਦਾ ਘਰ ਹੈ ਜਿਹੜਾ ਉਸ ਘਰ ਵਿਚ ਇਕੱਲਾ ਹੀ ਰਹਿੰਦਾ ਹੈ। ਫੌਜੀ ਉਸ ਨੂੰ ਪਨਾਹ ਦੇਂਦਾ ਹੈ। ਉਹਦੇ ਭੁੱਖੇ ਬੱਚਿਆਂ ਨੂੰ ਘਰ ਵਿਚ ਜੋ ਕੁਝ ਵੀ ਹੈ, ਖਾਣ ਲਈ ਦੇਂਦਾ ਹੈ। ਉਨ੍ਹਾਂ ਦੇ ਸੌਣ 'ਤੇ ਗਰਮ ਕੱਪੜੇ ਉਨ੍ਹਾਂ 'ਤੇ ਪਾਂਦਾ ਹੈ। ਉਹਦੇ ਕੋਲ ਰਜ਼ਾਈ ਇਕੋ ਹੈ। ਫੌਜੀ ਸੌਂ ਜਾਂਦਾ ਹੈ। ਔਰਤ ਜ਼ਮੀਨ 'ਤੇ ਹੀ ਪੈ ਜਾਂਦੀ ਹੈ। ਅਚਾਨਕ ਜਾਗ ਖੁੱਲ੍ਹਣ 'ਤੇ ਫੌਜੀ ਔਰਤ ਨੂੰ ਸਰਦੀ ਵਿਚ ਸੁੱਕੜੀ ਵੇਖ ਕੇ ਉਸ ਨੂੰ ਰਜ਼ਾਈ ਦਾ ਹਿੱਸੇਦਾਰ ਬਣਾ ਲੈਂਦਾ ਹੈ। ਉਹ ਜਦੋਂ ਜਾਗਦੀ ਹੈ ਤਾਂ ਪਸ਼ੇਮਾਨ ਹੈ ਕਿ ਉਹਨੇ ਇਕ ਪਰਾਏ ਮਰਦ ਨਾਲ ਇਕੋ ਰਜ਼ਾਈ ਵਿਚ ਰਾਤ ਕੱਟੀ ਹੈ। ਇਹ ਰਜ਼ਾਈ ਹੌਲੀ ਹੌਲੀ ਕਈ ਪਰਤਾਂ ਵਿਚ ਉਹਦੇ ਲਈ ਪਨਾਹ, ਮਨੁੱਖੀ ਹਮਦਰਦੀ, ਪਿਆਰ ਅਤੇ ਸਾਂਝ ਦੀ ਪ੍ਰਤੀਕ ਬਣ ਜਾਂਦੀ ਹੈ। ਫੌਜੀ ਦੀ ਜ਼ਿੰਦਗੀ ਦਾ ਆਪਣਾ ਇਕ ਪਿਛੋਕੜ ਹੈ। ਬਰਮਾ ਦੀ ਲੜਾਈ ਵਿਚ ਜ਼ਖਮੀ ਹੋਣ 'ਤੇ ਉਹ ਕਈ ਦਿਨ ਜ਼ਿੰਦਗੀ ਤੇ ਮੌਤ ਦੀ ਲੜਾਈ ਲੜਦਾ ਰਿਹਾ ਸੀ ਤੇ ਅਪ੍ਰੇਸ਼ਨ ਦੇ ਦਰਮਿਆਨ ਮਰਦਾਨਗੀ ਤੋਂ ਵਾਂਝਾ ਹੋ ਗਿਆ ਸੀ। ਆਉਣ ਵਾਲੇ ਸਮੇਂ ਵਿਚ ਇਹ ਰਜ਼ਾਈ ਉਸ ਔਰਤ ਲਈ ਉਹਦੀ ਜ਼ਿੰਦਗੀ ਦੀ ਸਾਰਿਆਂ ਨਾਲੋਂ ਕੀਮਤੀ ਪੂੰਜੀ ਬਣ ਜਾਂਦੀ ਹੈ। ਨਾਟਕ ਦਾ ਸਿਖਰ ਤੇ ਇਹ ਨਾਟਕ ਦਾ ਮੁੱਢ ਵੀ ਹੈ ਕਿ ਉਸ ਔਰਤ ਦਾ ਮੁੰਡਾ ਵੱਡਾ ਹੋ ਗਿਆ ਹੈ। ਇਕ ਅੰਗਰੇਜ਼ ਕੁੜੀ ਨਾਲ ਉਹਦਾ ਵਿਆਹ ਹੋ ਗਿਆ ਹੈ। ਆਉਣ ਵਾਲੀ ਨੂੰਹ ਜਦੋਂ ਕਮਰਾ ਸਾਫ ਕਰਦੀ ਹੈ ਤਾਂ ਉਸ ਪੁਰਾਣੀ ਫਟੀ ਹੋਈ ਰਜ਼ਾਈ ਨੂੰ ਕੂੜੇ ਵਾਲੇ ਡਰੰਮ ਵਿਚ ਸੁੱਟ ਦੇਂਦੀ ਹੈ ਤੇ ਉਹਦੀ ਥਾਂ ਨਵੀਂ ਰਜ਼ਾਈ ਰਖਦੀ ਹੈ। ਔਰਤ ਜਦੋਂ ਘਰ ਆਉਂਦੀ ਹੈ ਤਾਂ ਆਪਣੀ ਸਾਰਿਆਂ ਨਾਲੋਂ ਕੀਮਤੀ ਚੀਜ਼ ਨੂੰ ਥਾਂ ਸਿਰ ਨਾ ਵੇਖ ਕੇ ਤੜਪ ਉਠਦੀ ਹੈ। ਉਹ ਰਜ਼ਾਈ ਦੀ ਭਾਲ ਕਰਦੀ ਹੈ। ਨੂੰਹ ਕੋਲੋਂ ਪੁੱਛਦੀ ਹੈ। ਨੂੰਹ ਉਹਦੀ ਗੱਲ ਨਹੀਂ ਸਮਝਦੀ। ਤਕਰਾਰ ਵੀ ਹੁੰਦਾ ਹੈ। ਰਜ਼ਾਈ ਨੂੰ ਉਹ ਕੂੜੇ ਵਾਲੇ ਡਰੰਮ ਵਿਚੋਂ ਚੁਕਦੀ ਹੈ ਤੇ ਜਿਸ ਸ਼ਿੱਦਤ ਨਾਲ ਉਹਨੂੰ ਆਪਣੇ ਆਲੇ-ਦੁਆਲੇ ਲਪੇਟਦੀ ਹੈ, ਨੂੰਹ ਕੁਝ ਕੁਝ ਸਮਝ ਜਾਂਦੀ ਹੈ। ਉਹ ਮੁਆਫੀ ਦੇ ਲਹਿਜੇ ਵਿਚ ਮਾਂ ਦੀ ਬਗ਼ਲ ਵਿਚ ਆਉਂਦੀ ਹੈ।

ਇਸ ਕਮਾਲ ਦੀ ਕਹਾਣੀ ਨੂੰ ਅਦਾਕਾਰਾ ਅਨੀਤਾ ਨੇ ਨਵਨਿੰਦਰਾ ਦੀ ਨਿਰਦੇਸ਼ਨਾ ਥੱਲੇ ਜਿਸ ਤਰ੍ਹਾਂ ਜੀਵਿਆ, ਪੰਜਾਬੀ ਨਾਟਕ ਦੀ ਇਹ ਇਕ ਹਾਸਿਲ ਪ੍ਰਾਪਤੀ ਕਹੀ ਜਾ ਸਕਦੀ ਹੈ। ਸਾਲ 1996 ਵਿਚ 'ਉਸ ਨੂੰ ਕਹੀਂ' (ਲੇਖਕ ਪਾਲੀ ਭੁਪਿੰਦਰ, ਨਿਰਦੇਸ਼ਕ ਕੁਮਾਰ ਪਵਨਦੀਪ, ਮੁੱਖ ਕਲਾਕਾਰ ਜਸਬੀਰ ਅਤੇ ਅਨੀਤਾ) ਦੇ ਬਾਅਦ ਇਹ ਦੂਸਰੀ ਨਾਟਕ ਕਿਰਤ ਹੈ, ਜੋ ਪੰਜਾਬੀ ਨਾਟਕ ਦੇ ਵਧਦੇ ਕਦਮਾਂ ਦੀ ਪ੍ਰਤੀਕ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਡਰਾਮਾ ਵਿਭਾਗ ਇਹਦੇ ਲਈ ਵਧਾਈ ਦਾ ਪਾਤਰ ਹੈ।

## ਲਾਲ ਸਿੰਘ ਦਾ ਕਹਾਣੀ ਸੰਗ੍ਰਹਿ 'ਕਾਲੀ ਮਿੱਟੀ'

ਲਾਲ ਸਿੰਘ ਸਾਡਾ ਲੰਬੀ ਕਹਾਣੀ ਦਾ ਸਥਾਪਤ ਹਸਤਾਖਰ ਹੈ। ਕੁਝ ਸਾਲ ਪਹਿਲਾਂ ਜਦੋਂ ਉਹਦੀ ਕਹਾਣੀ 'ਬਲੌਰ' ਆਈ ਸੀ ਤਾਂ ਕਿਹਾ ਗਿਆ ਸੀ ਕਿ ਉਹਨੇ ਸੁਜਾਨ ਸਿੰਘ ਦੀ ਕਹਾਣੀ 'ਕੁਲਫੀ' ਦੇ ਬਾਅਦ ਪੰਜਾਬੀ ਕਥਾ ਸਾਹਿਤ ਨੂੰ ਸਮਾਜਵਾਦੀ ਯਥਾਰਥ ਦੀ ਇਕ ਹੋਰ ਸ਼ਾਹਕਾਰ ਕਹਾਣੀ ਦਿੱਤੀ ਹੈ। ਲਾਲ ਸਿੰਘ ਨੇ ਆਪਣਾ ਕਹਾਣੀ ਸਫਰ ਨਿਰੰਤਰ ਜਾਰੀ ਰੱਖਿਆ ਹੈ। 'ਕਾਲੀ ਮਿੱਟੀ' ਕਹਾਣੀ ਸੰਗ੍ਰਹਿ ਉਹਦੀ ਕਹਾਣੀ ਕਲਾ ਦਾ ਅਗਲਾ ਪੜਾਅ ਹੈ। ਇਸ ਵਿਚ ਉਹਦੀਆਂ 6 ਕਹਾਣੀਆਂ ਛਿੰਜ, ਮਿੱਟੀ, ਝਾਂਜਰ, ਜ਼ਜ਼ੀਰੇ, ਵਾਵਰੋਲੇ ਅਤੇ ਬੂਟਾ ਰਾਮ ਪੂਰਾ ਹੋ ਗਿਐ, ਸ਼ਾਮਲ ਹਨ। ਕਹਾਣੀ ਮਿੱਟੀ ਇਸ ਸੰਗ੍ਰਹਿ ਦੀ ਖਾਸ ਪ੍ਰਾਪਤੀ ਹੈ। ਇਸ ਸੰਗ੍ਰਹਿ ਦਾ ਜ਼ਿਕਰ ਕਰਨਾ ਤਾਂ ਵੀ ਜ਼ਰੂਰੀ ਬਣਦਾ ਹੈ ਕਿ ਇਸ ਦੀ ਪ੍ਰਕਾਸ਼ਨਾ ਲਾਲ ਸਿੰਘ ਵਲੋਂ ਸਥਾਪਤ ਕੀਤੀ ਸਾਹਿਤ ਧਾਰਾ ਪ੍ਰਕਾਸ਼ਨ, ਦਸੂਹਾ-144205, ਵਲੋਂ ਕੀਤੀ ਗਈ ਹੈ ਜਿਸਦਾ ਉਦੇਸ਼ ਹੈ ਕਿ ਪੰਜਾਬੀ ਸਾਹਿਤ ਵਾਜਬ ਕੀਮਤ 'ਤੇ ਵੱਧ ਤੋਂ ਵੱਧ ਪਾਠਕਾਂ ਤਕ ਪੁਚਾਇਆ ਜਾਵੇ। ਸਾਡੇ ਲੇਖਕਾਂ ਨੂੰ ਹੁਣ ਬੜੀ ਸ਼ਿੱਦਤ ਨਾਲ ਇਹ ਅਹਿਸਾਸ ਹੋ ਗਿਆ ਹੈ ਕਿ ਕਿਤਾਬਾਂ ਪਾਠਕਾਂ ਤਕ ਤਾਂ ਹੀ ਪੁੱਜਦੀਆਂ ਕੀਤੀਆਂ ਜਾ ਸਕਦੀਆਂ ਹਨ ਬੁੱਕ ਕਲੱਬ ਬਣਾ ਕੇ, ਪੁਸਤਕ ਮੇਲੇ ਕਰਕੇ ਜਾਂ ਨਾਟਕ ਮੇਲਿਆਂ 'ਤੇ ਕਿਤਾਬਾਂ ਦੇ ਸਟਾਲ ਲਾ ਕੇ ਵਾਜਬ ਕੀਮਤ 'ਤੇ ਕਿਤਾਬਾਂ ਦਿੱਤੀਆਂ ਜਾਣ। ਪੁਸਤਕ ਮੇਲੇ ਕਰਾਉਣ ਦਾ ਕੰਮ ਕੁਝ ਲੇਖਕ ਸਭਾਵਾਂ ਨੇ ਵੀ ਆਪਣੇ ਪ੍ਰੋਗਰਾਮ ਵਿਚ ਸ਼ਾਮਲ ਕਰ ਲਿਆ ਹੈ। 'ਕਾਲੀ ਮਿੱਟੀ' ਕਹਾਣੀ ਸੰਗ੍ਰਹਿ 128 ਸਫਿਆਂ ਦੀ ਵਧੀਆ ਛਪਾਈ ਅਤੇ ਕਲਾਮਈ ਦਿੱਖ ਵਾਲੀ 25/— ਦੀ ਪੇਪਰਬੈਕ ਕਿਤਾਬ ਵਿਚ ਹੈ। ਸਾਹਿਤ ਧਾਰਾ ਪ੍ਰਕਾਸ਼ਨ ਦਾ ਕਾਇਮ ਹੋਣਾ ਅਤੇ ਇਸ ਅਦਾਰੇ ਦੀ ਪਹਿਲੀ ਦੇਣ ਪੰਜਾਬੀ ਸਾਹਿਤ ਦੇ ਪਸਾਰੇ ਲਈ ਇਕ ਮੁਬਾਰਕ ਕਦਮ ਹੈ।

18-8-1996